ਸਤੰਬਰ ਪ੍ਰੀਖਿਆ 2022

ਸ੍ਰੇਣੀ ਨੌਵੀਂ

ਸਮਾਜਿਕ ਵਿਗਿਆਨ

ਸਮਾਂ : 3 ਘੰਟੇ ਕੁਲ ਅੰਕ : 80

ਭਾਗ -1 12 x1 = 12

ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰਾਂ ਦੀ ਚੋਣ ਕਰੋ :-

1. ਜੀਵ ਰਾਖਵਾਂ ਖੇਤਰ - ਕਾਜ਼ੀਰੰਗਾ, ਭਾਰਤ ਦੇ ਕਿਸ ਰਾਜ ਵਿੱਚ ਸਥਿਤ ਹੈ?
1 ੳ) ਬਿਹਾਰ ਅ) ਮੱਧ ਪਰਦੇਸ਼ ੲ) ਆਸਾਮ ਸ) ਮੇਘਾਲਿਆ

2. ਖੇਤਰਫਲ ਦੀ ਦ੍ਰਿਸ਼ਟੀ ਪੱਖੋਂ ਭਾਰਤ ਤੋਂ ਬਾਅਦ ਸਭ ਤੋਂ ਵੱਡਾ ਦੇਸ਼ ਕਿਹੜਾ ਹੈ ?
1 ੳ) ਰੂਸ ਅ) ਅਰਜਨਟੀਨਾ ੲ) ਅਲਜੀਰੀਆ ਸ) ਕਜ਼ਾਕਸਤਾਨ

3. ਪੰਜਾਬ ਦੇ ਕਿਹੜੇ ਜਿਲ੍ਹੇ ਨੂੰ ਚਿੱਟੇ ਸੋਨੇ ਦੀ ਭੂਮੀ ਕਿਹਾ ਜਾਂਦਾ ਹੈ ?
1 ੳ) ਪਟਿਆਲਾ ਅ) ਮੋਗਾ ੲ) ਮਾਨਸਾ ਸ) ਜਲੰਧਰ

4. ਵਸਤੂ ਦੇ ਉਤਪਾਦਨ ਤੋਂ ਲੈ ਕੇ ਵਿਕਰੀ ਕਰਨ ਤੱਕ ਮੁਦਰਾ ਦੇ ਰੂਪ ਵਿੱਚ ਖਰਚ ਕੀਤੀ ਰਾਸ਼ੀ ਨੂੰ ਕੀ ਕਿਹਾ ਜਾਂਦਾ ਹੈ?
ੳ) ਆਮਦਨ ਅ) ਲਾਗਤ ੲ) ਬੱਚਤ ਸ) ਉਪਭੋਗ

5. ਖੇਤੀਬਾੜੀ ਅਰਥ-ਵਿਵਸਥਾ ਕਸਸ ਖੇਤਰ ਦੀ ਉਦਾਹਰਣ ਹੈ?
1 ੳ) ਮੁੱਢਲਾ ਅ) ਸੇਵਾਵਾਂ ੲ) ਗੌਣ ਸ) ਕੋਈ ਨਹੀਂ

6. ਹੇਠ ਲਿਖਿਆਂ ਵਿਚੋਂ ਆਰਥਿਕ ਕਿਰਿਆ ਕਿਹੜੀ ਹੈ?
ੳ) ਦੇਸ਼ ਭਗਤੀ ਅ) ਅਧਿਆਪਕ ਦੁਆਰਾ ਆਪਣੀ ਧੀ ਨੂੰ ਪੜ੍ਹਾਉਣਾ ੲ) ਡਾਕਟਰ ਦੁਆਰਾ ਰੋਗੀ ਦਾ ਇਲਾਜ ਕਰਨਾ ਸ) ਸਮਾਜ ਸੇਵਾ

7. ਭਾਈ ਲਹਿਣਾ ਜੀ ਕਿਸ ਗੁਰੂ ਦਾ ਪਹਿਲਾ ਨਾਲ ਸੀ ? 1 ੳ) ਗੁਰੂ ਨਾਨਕ ਦੇਵ ਜੀ ਅ) ਗੁਰੂ ਅੰਗਦ ਦੇਵ ਜੀ ੲ) ਗੁਰੂ ਅਮਰਦਾਸ ਜੀ ਸ) ਗੁਰੂ ਰਾਮ ਦਾਸ ਜੀ

8. ਸਤਲੁਜ ਅਤੇ ਘੱਗਰ ਨਦੀ ਦੇ ਵਿਚਕਾਰ ਦੇ ਇਲਾਕੇ ਨੂੰ _________ ਆਖਦੇ ਨੇ।
1 ੳ) ਮਾਝਾ ਅ) ਦੁਆਬਾ ੲ) ਮਾਲਵਾ ਸ) ਬਾਂਗਰ

9. ਗੁਰੂ ਨਾਨਕ ਦੇਵ ਜੀ ਦੇ ਜਨਮ ਸਮੇਂ ਦਿੱਲੀ ਦਾ ਸੁਲਤਾਨ ਕੌਣ ਸੀ?
1 ੳ) ਬਹਿਲੋਲ ਲੋਧੀ ਅ) ਸਿਕੰਦਰ ਲੋਧੀ ੲ) ਇਬਰਾਹਿਮ ਲੋਧੀ ਸ) ਦੌਲਤ ਖਾਂ ਲੋਧੀ

10. ਹੇਠ ਲਿਖਿਆਂ ਦੇਸ਼ਾਂ ਵਿਚੋਂ ਵੀਟੋ ਸ਼ਕਤੀ ਕਿਹੜੇ ਦੇਸ਼ ਕੋਲ ਹੈ?
ੳ) ਜਰਮਨੀ ੲ) ਚੀਨ ਅ) ਭਾਰਤ ਸ) ਫਰਾਂਸ

11. ਸਾਡੇ ਸੰਵਿਧਾਨ ਦੇ ਅਨੁਛੇਦ _____ ਅਧੀਨ ਰਾਸ਼ਟਰਪਤੀ ਦੀ ਪਦਵੀ ਦੀ ਵਿਵਸਥਾ ਕੀਤੀ ਗਈ ਹੈ।
ੳ) 50 ੲ) 52 ਅ) 51 ਸ) 53

12. ਭਾਰਤੀ ਸੰਵਿਧਾਨ ਵਿੱਚ ਦਰਜ ਹੇਠ ਲਿਖਿਆਂ ਵਿਚੋਂ ਕਿਹੜੇ ਨੁਕਤੇ ਨੂੰ ਦੱਖਣੀ ਅਫਰੀਕਾ ਦੇਸ਼ ਤੋਂ ਲਿਆ ਥਗਆ ੈ ?
ੳ) ਮੌਲਿਕ ਕਰਤੱਵ ਅ). ਗਣਤੰਤਰ
ੲ) ਸੰਵਿਧਾਨ ਵਿੱਚ ਸੋਧ ਸ) ਰਾਜ ਦੀ ਨੀਤੀ ਦੇ ਨਿਰਦੇਸ਼ਕ ਸਿਧਾਂਤ

ਭਾਗ-ਅ

2. ਵਸ਼ਤੂਨਿਸ਼ਠ ਪ੍ਰਸ਼ਨ:-

1. ਉਹ ਕਿਹੜਾ ਦੇਸ਼ ਹੈ ਜਿਹੜਾ ਖੇਤਰਫ਼ਲ ਤੇ ਆਬਾਦੀ ਪੱਖੋਂ ਪੰਜਵਾਂ ਸਥਾਨ ਰੱਖਦਾ ਹੈ?

2. ਪੰਜਾਬ ਦਾ ਸ਼ਾਬਦਿਕ ਅਰਥ ਕੀ ਹੈ?

3. ਜੇ ਤੁਸੀਂ ਗੁਰੂ ਸਿਖ਼ਰ ਉੱਤੇ ਹੋਵੋ ਤਾਂ ਤੁਸੀਂ ਕਿਹੜੀ ਪਹਾੜੀ ਲੜੀ ਵਿੱਚ ਹੋਵੋਗੇ ?

4. ਭਾਰਤ ਦੇ ਪਿੰਡਾਂ ਦੀ ਮੁੱਖ ਉਤਪਾਦਨ ਕਿਰਿਆ ਕਿਹੜੀ ਹੈ?

5. ਗ਼ੈਰ ਆਰਥਿਕ ਕਿਰਿਆਵਾਂ ਕਿਹੜੀਆਂ ਹਨ ?

6. ਦੋ ਕੁਦਰਤੀ ਸਾਧਨਾਂ ਦੇ ਨਾਂ ਦੱਸੋ।

7. ਲੋਧੀ ਵੰਸ਼ ਦਾ ਆਖ਼ਰੀ ਸ਼ਾਸਕ ਕੌਣ ਸੀ ?

8. ਅੰਮ੍ਰਿਤਸਰ ਦਾ ਪੁਰਾਣਾ ਨਾਂ ਕੀ ਸੀ?

9. ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਗ੍ਰੰਥੀ ਕੌਣ ਸਨ?

10. ਭਾਰਤ ਵਿੱਚ ਸਰਵ ਵਿਆਪਕ ਬਾਲਗ ਮਤ ਅਧਿਕਾਰ ਕਦੋਂ ਦਿੱਤਾ ਗਿਆ ?

11. ਲੋਕਤੰਤਰ ਲਈ ਕੋਈ ਦੋ ਜ਼ਰੂਰੀ ਸ਼ਰਤਾਂ ਲਿਖੋ।

12. ਸੰਵਿਧਾਨ ਬਣਾਉਣ ਵਾਲੀ ਸਭਾ ਦੇ ਕੁੱਲ ਮੈਂਬਰ ਕਿੰਨ੍ਹੇ ਸਨ?

(12X1=12)

ਭਾਗ-ੲ

3. ਇਸ ਭਾਗ ਦੇ 8 ਉਪ-ਭਾਗ (ਪ੍ਰਸ਼ਨ) ਹਨ। ਹਰੇਕ ਪ੍ਰਸ਼ਨ 3 ਅੰਕ ਦਾ ਹੈ। ਹਰੇਕ ਪ੍ਰਸ਼ਨ ਦਾ ਉੱਤਰ ਲਗਭੱਗ 30-50 ਸ਼ਬਦਾਂ ਵਿੱਚ ਦਿਓ।

1. ਪੰਜਾਬ ਦੀਆਂ ਕੋਈ 6 ਗੈਰ -ਪ੍ਰਾਈਵੇਟ ਯੂਨੀਵਰਸਿਟੀਆਂ ਦੇ ਨਾਂ ਤੇ ਸਥਾਪਨਾ ਸਥਾਨ ਲਿਖੋ।

2. ਹਿਮਾਲਿਆ ਪਰਬਤ ਦੀ ਉਤਪਤੀ 'ਤੇ ਨੋਟ ਲਿਖੋ।

3. ਅਸੀਂ ਅਰਥ ਸ਼ਾਸਤਰ ਦਾ ਅਧਿਐਨ ਕਿਉਂ ਕਰਦੇ ਹਾਂ ?

4. ਮਨੁੱਖੀ ਸੰਸਾਧਨਾਂ ਤੋਂ ਤੁਸੀਂ ਕੀ ਸਮਝਦੇ ਹੋ ?

5. ਲੋਧੀ ਕਾਲ ਵਿਚ ਮੁਸਲਿਮ ਵਰਗ 'ਤੇ ਨੋਟ ਲਿਖੋ।

6. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਤਤਕਾਲੀ ਕਾਰਨ ਕੀ ਸੀ ?

7. ਵੀਟੋ ਸ਼ਕਤੀ ਤੋਂ ਕੀ ਭਾਵ ਹੈ? ਸੰਯੁਕਤ ਰਾਸ਼ਟਰ ਸੰਘ ਵਿਚ ਵੀਟੋ ਸ਼ਕਤੀ ਕਿਹੜੇ -ਕਿਹੜੇ ਦੇਸ਼ਾਂ ਕੋਲ ਹੈ ?

8. ਗਣਤੰਤਰ ਦੇਸ਼ ਕਿਹੜਾ ਹੁੰਦਾ ਹੈ ? (8X3=24)

ਭਾਗ-ਸ

4. ਪ੍ਰਸ਼ਨ ਨੰਬਰ 4 ਵਿੱਚ 8 ਉਪ-ਭਾਗ (ਪ੍ਰਸ਼ਨ) ਹਨ। ਹਰੇਕ ਪ੍ਰਸ਼ਨ 4 ਅੰਕ ਦਾ ਹੈ। ਵਿਦਿਆਰਥੀਆਂ ਨੇ 8 ਪ੍ਰਸ਼ਨਾਂ ਵਿੱਚੋਂ ਕੋਈ ਚਾਰ ਪ੍ਰਸ਼ਨ ਕਰਨੇ ਹਨ।ਹਰੇਕ ਪ੍ਰਸ਼ਨ ਦਾ ਉੱਤਰ 80-100 ਸ਼ਬਦਾਂ ਵਿੱਚ ਦਿਓ।

1. ਭਾਰਤ ਦੇ ਕੌਮਾਂਤਰੀ ਵਪਾਰ ਬਾਰੇ ਵਿਸਥਾਰ ਨਾਲ ਲਿਖੋ।

2. ਗੁਰਦਾਸਪੁਰ ਅਤੇ ਪਠਾਨਕੋਟ ਸ਼ਿਵਾਲਿਕ 'ਤੇ ਇਕ ਨੋਟ ਲਿਖੋ।

3. ਆਰਥਿਕ ਅਤੇ ਅਣ-ਆਰਥਿਕ ਕਿਰਿਆਵਾਂ ਵਿੱਚ ਅੰਤਰ ਲਿਖੋ ।

4. ਛੁਪੀ ਬੇਰੁਜ਼ਗਾਰੀ ਅਤੇ ਮੌਸਮੀ ਬੇਰੁਜ਼ਗਾਰੀ ਵਿੱਚ ਅੰਤਰ ਸਪਸ਼ਟ ਕਰੋ ?

5. ਵਿਦੇਸ਼ੀ ਹਮਲਿਆਂ ਦੇ ਪੰਜਾਬ ਦੇ ਲੋਕਾਂ ਤੇ ਕੀ ਪ੍ਰਭਾਵ ਪਏ ?

6. ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਸਿੱਖ ਧਰਮ ਤੇ ਕੀ ਪ੍ਰਭਾਵ ਪਿਆ? ਵਰਨਣ ਕਰੋ ।

7. ਲੋਕਤੰਤਰ ਦੇ ਰਾਹ ਵਿਚ ਆਉਣ ਵਾਲੀਆਂ ਮੁੱਖ ਰੁਕਾਵਟਾਂ ਦਾ ਸੰਖੇਪ ਵਿੱਚ ਵਰਣਨ ਕਰੋ?

8. ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਇੰਨ-ਬਿੰਨ ਸ਼ਬਦਾਂ ਵਿੱਚ ਲਿਖੋ। (4X4=16)

ਭਾਗ-ਹ

5. ਸ੍ਰੋਤ ਅਧਾਰਿਤ ਪ੍ਰਸ਼ਨ:-

1. ਗੰਗਾ ਦੇ ਮੈਦਾਨ ਦਾ ਨਿਰਮਾਣ ਗੰਗਾ ਅਤੇ ਉਸ ਦੀਆਂ ਸਹਾਇਕ ਨਦੀਆਂ ਗੰਗਾ, ਯਮੁਨਾ, ਘਾਗਰਾ, ਕੋਸੀ, ਸੋਨ, ਕੇਨ, ਬੇਤਵਾ ਅਤੇ ਚੰਬਲ ਆਦਿ ਦੁਆਰਾ ਵਿਛਾਈ ਗਈ ਮਿੱਟੀ ਨਾਲ ਹੋਇਆ ਹੈ। ਇਨ੍ਹਾਂ ਦੀ ਲੰਬਾਈ 550 ਕਿਲੋਮੀਟਰ ਅਤੇ ਚੌੜਾਈ 380 ਕਿਲੋਮੀਟਰ ਹੈ। ਇਨ੍ਹਾਂ ਮੈਦਾਨਾਂ ਨੂੰ ਤਿੰਨ ਉਪ ਭਾਗਾਂ ਵਿੱਚ ਵੰਡਿਆ ਜਾਂਦਾ ਹੈ। ਗੰਗਾ ਦੇ ਉੱਚੇ ਮੈਦਾਨ ਨੂੰ ਗੰਗਾ ਯਮੁਨਾ ਦੋਆਬ ਵੀ ਕਹਿੰਦੇ ਹਨ। ਇਹ ਮੈਦਾਨ ਗੰਗਾ ਅਤੇ ਯਮੁਨਾ ਤੋਂ ਇਲਾਵਾ ਰਾਮਗੰਗਾ, ਸ਼ਾਰਦਾ, ਬੇਤਵਾ, ਗੋਮਤੀ ਅਤੇ ਘਾਗਰਾ ਨਦੀਆਂ ਦੁਆਰਾ ਵਿਛਾਈ ਗਈ ਮਿੱਟੀ ਤੋਂ ਬਣਿਆ ਹੈ। ਇਨ੍ਹਾਂ ਮੈਦਾਨਾਂ ਵਿਚ ਭਾਬਰ ਅਤੇ ਤਰਾਈ ਦੇ ਮੈਦਾਨ ਸ਼ਾਮਲ ਹਨ। ਗੰਗਾ ਦੇ ਵਿਚਕਾਰਲੇ ਮੈਦਾਨ ਉੱਤਰ ਪ੍ਰਦੇਸ਼ ਦੇ ਪੂਰਬੀ ਭਾਗ ਅਤੇ ਬਿਹਾਰ ਰਾਜਾਂ ਵਿਚ ਫੈਲੇ ਹੋਏ ਹਨ। ਇਸ ਮੈਦਾਨ ਨੂੰ ਬਿਹਾਰ ਦੇ ਮੈਦਾਨ ਜਾਂ ਮਿਥਿਲਾ ਮੈਦਾਨ ਵੀ ਕਹਿੰਦੇ ਹਨ।

ਇਹ ਮੈਦਾਨ ਘਾਗਰਾ, ਗੰਡਕ, ਸੋਨ ਅਤੇ ਕੋਸੀ ਨਦੀਆਂ ਦੁਆਰਾ ਵਿਛਾਈ ਮਿੱਟੀ ਨਾਲ ਬਣੇ ਹਨ। ਗੰਗਾ ਦੇ ਹੇਠਲੇ ਮੈਦਾਨਾਂ ਦੀ ਲੰਬਾਈ 580 ਕਿਲੋਮੀਟਰ ਅਤੇ ਚੌੜਾਈ 200 ਕਿਲੋਮੀਟਰ ਤੱਕ ਹੈ ਇਹ ਮੈਦਾਨ ਤਿਸਤਾ, ਜਲਢਾਕਾ ਅਤੇ ਤੋਰਸਾ ਨਦੀਆਂ ਦੇ ਜਲੋਢ ਦੇ ਜਮ੍ਹਾਂ ਹੋਣ ਨਾਲ ਬਣਿਆ ਹੋਇਆ ਹੈ ਇਸ ਮੈਦਾਨ ਦਾ 2/3 ਹਿੱਸਾ ਸੁੰਦਰਬਨ ਡੈਲਟਾ ਹੈ ਜੋ ਕਿ ਸੰਸਾਰ ਦਾ ਸਭ ਤੋਂ ਵਿਸ਼ਾਲ ਡੈਲਟਾ ਹੈ ।

ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਉਪਰੋਕਤ ਪੈਰ੍ਹੇ ਵਿੱਚੋਂ ਪੜ੍ਹਕੇ ਦਿਉ:- (4X1=4)

1. ਗੰਗਾ ਦੇ ਉੱਚੇ ਮੈਦਾਨ ਨੂੰ ਹੋਰ ਕਿਸ ਨਾਮ ਨਾਲ ਜਾਣਿਆ ਜਾਂਦਾ ਹੈ?
2. ਗੰਗਾ ਦੇ ਵਿਚਕਾਰਲੇ ਮੈਦਾਨ ਕਿਹੜੀਆਂ ਨਦੀਆਂ ਦੁਆਰਾ ਲਿਆਂਦੀ ਮਿੱਟੀ ਨਾਲ ਬਣਦੇ ਹਨ?
3. ਗੰਗਾ ਦੇ ਹੇਠਲੇ ਮੈਦਾਨਾਂ ਦੀ ਲੰਬਾਈ ਅਤੇ ਚੌੜਾਈ ਕਿੰਨੀ ਹੈ ?
4. ਸੰਸਾਰ ਦਾ ਸਭ ਤੋਂ ਵਿਸ਼ਾਲ ਡੈਲਟਾ ਕਿਹੜਾ ਹੈ?

2. ਸ੍ਰੀ ਗੁਰੂ ਅਰਜਨ ਦੇਵ ਜੀ ਨੇ 1581-1606ਈ. ਤੱਕ (25 ਸਾਲ) ਆਪਣੇ ਗੁਰੂ ਕਾਲ ਵਿੱਚ ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਅਤੇ ਵਿਕਾਸ ਲਈ ਬਹੁਤ ਮਹੱਤਵਪੂਰਨ ਕੰਮ ਕੀਤੇ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਸਰੋਵਰ ਦੇ ਵਿੱਚਕਾਰ ਇੱਕ ਧਰਮਸਾਲਾ ਦਾ ਨਿਰਮਾਣ ਕਰਵਾਇਆ, ਜਿਸ ਦਾ ਨਾਂ ਹਰਿਮੰਦਰ ਰੱਖਿਆ ਗਿਆ। ਗੁਰੂ ਜੀ ਨੇ 30 ਰਾਗਾਂ ਵਿੱਚ 2218 ਸ਼ਬਦਾਂ ਦੀ ਰਚਨਾ ਕੀਤੀ। ਗੁਰੂ ਜੀ ਨੇ 1604 ਈ. ਵਿੱਚ ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਕੇ ਸਿੱਖਾਂ ਨੂੰ ਇੱਕ ਵੱਖਰਾ ਧਾਰਮਿਕ ਗ੍ਰੰਥ ਪ੍ਰਦਾਨ ਕੀਤਾ। ਗੁਰੂ ਅਰਜਨ ਦੇਵ ਜੀ ਨੇ ਆਪ ਬੋਲ ਕੇ ਭਾਈ ਗੁਰਦਾਸ ਜੀ ਤੋਂ ਬਾਣੀ ਨੂੰ ਲਿਖਵਾਇਆ। ਆਦਿ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂਆਂ ਦੀ ਬਾਣੀ ਤੋਂ ਇਲਾਵਾ ਕਈ ਹਿੰਦੂ ਭਗਤਾਂ, ਸੂਫ਼ੀ -ਸੰਤਾਂ, ਭੱਟਾਂ ਅਤੇ ਗੁਰਸਿੱਖਾਂ ਦੇ ਸ਼ਬਦਾਂ ਨੂੰ ਸਥਾਨ ਦਿੱਤਾ। ਗੁਰੂ ਜੀ ਨੇ ਵਡਾਲੀ ਪਿੰਡ ਵਿੱਚ ਪਾਣੀ ਦੀ ਘਾਟ ਪੂਰੀ ਕਰਨ ਲਈ ਇੱਕ ਖੂਹ ਖੁਦਵਾਇਆ ਅਤੇ ਉਸ ਖੂਹ 'ਤੇ ਛੇ ਹਰਟ ਲਗਵਾਏ। ਗੁਰੂ ਜੀ ਨੇ ਦਸਵੰਧ ਇਕੱਠਾ ਕਰਨ ਲਈ ਜ਼ਿੰਮੇਵਾਰ ਸਿੱਖਾਂ ਨੂੰ ਮਸੰਦ ਨਿਯੁਕਤ ਕੀਤਾ, ਜੋ ਧਰਮ ਦਾ ਪ੍ਰਚਾਰ ਵੀ ਕਰਦੇ ਸਨ। ਗੁਰੂ ਜੀ ਨੇ ਲਾਹੌਰ ਦੇ ਡੱਬੀ ਬਜ਼ਾਰ ਵਿੱਚ ਪਾਣੀ ਦੀ ਕਮੀ ਨੂੰ ਪੂਰਾ ਕਰਨ ਲਈ ਬਾਉਲੀ ਦਾ ਨਿਰਮਾਣ ਕਰਵਾਇਆ । ਗੁਰੂ ਜੀ ਨੇ ਸਿੱਖਾਂ ਲਈ ਤਰਨਤਾਰਨ, ਕਰਤਾਰਪੁਰ ਤੇ ਹਰਿਗੋਬਿੰਦਪੁਰ ਨਵੇਂ ਨਗਰਾਂ ਦੀ ਸਥਾਪਨਾ ਕੀਤੀ।

ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਉਪਰੋਕਤ ਪੈਰ੍ਹੇ ਵਿੱਚੋਂ ਪੜ੍ਹਕੇ ਦਿਉ:- (4X1=4)

1. ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿੰਨ੍ਹੇ ਸ਼ਬਦਾਂ ਦੀ ਰਚਨਾ ਕੀਤੀ ?
2. ਆਦਿ ਗ੍ਰੰਥ ਸਾਹਿਬ ਜੀ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਕਦੋਂ ਕੀਤਾ ਗਿਆ ਸੀ?
3. ਗੁਰੂ ਜੀ ਨੇ ਕਿਹੜੇ ਪਿੰਡ ਵਿੱਚ ਪਾਣੀ ਦੀ ਘਾਟ ਪੂਰੀ ਕਰਨ ਲਈ ਇੱਕ ਖੂਹ ਖੁਦਵਾਇਆ?
4. ਆਦਿ ਗ੍ਰੰਥ ਸਾਹਿਬ ਵਿੱਚ ਕਿਨ੍ਹਾਂ-ਕਿਨ੍ਹਾਂ ਦੇ ਸ਼ਬਦਾਂ ਨੂੰ ਸਥਾਨ ਦਿੱਤਾ ਗਿਆ ਹੈ ?

ਭਾਗ-ਕ

6. (ੳ) ਭਾਰਤ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਿਖਾਓ: (4x1=4)

1. ਕਰਕ ਰੇਖਾ
2. ਗੁਰੂ ਸ਼ਿਖਰ ਚੋਟੀ
3. ਮਾਲਵਾ ਪਠਾਰ
4. ਕਰਾਕੋਰਮ ਪਰਬਤ ਸ਼੍ਰੇਣੀ
5. ਸ਼ਿਪਕੀ -ਲਾ ਦਰ੍ਹਾ

(ਅ) ਵੰਡ ਤੋਂ ਪਹਿਲਾ ਦੇ ਪੰਜਾਬ ਦੇ ਨਕਸ਼ੇ ਵਿੱਚ ਕੋਈ ਚਾਰ ਸਥਾਨ ਦਰਸਾਓ:-

1. ਸਤਲੁਜ ਨਦੀ
2. ਰਾਵੀ ਨਦੀ
3. ਸਿੰਧ ਨਦੀ
4. ਖੈਬਰ ਦਰ੍ਹਾ
5. ਟੋਚੀ ਦਰ੍ਹਾ